20/3/2026

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ ਨਗਰ, ਮੋਹਾਲੀ
ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.),
ਸਮੂਹ ਸਕੂਲ ਮੁਖੀ(ਸਰਕਾਰੀ/ਅਰਧ ਸਰਕਾਰੀ/ਪ੍ਰਾਈਵੇਟ)
ਪੰਜਾਬ।

ਮੀਮੋ ਨੰ: 428/G&C/2026
ਮਿਤੀ: 19.03.2026

**ਵਿਸ਼ਾ:** ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਮਨਾਉਣ ਅਤੇ ਸਕੂਲਾਂ ਵਿੱਚ ਮੁਕਾਬਲੇ ਕਰਵਾਉਣ ਸਬੰਧੀ।

ਹਵਾਲਾ:-Department of Tourism & Cultural Affairs, Govt of Punjab, ਦੇ D.O. letter No. PA/STCA/2026/436 dated 06.03.2026(ਨਾਲ ਨੱਥੀ) ਦੇ ਸਬੰਧ ਵਿੱਚ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪੰਜਾਬ ਸਰਕਾਰ ਵੱਲੋਂ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਤੇ ਵਿਦਿਆਰਥੀਆਂ ਨੂੰ ਗੁਰੂ ਰਵਿਦਾਸ ਜੀ ਦੀ ਜੀਵਨੀ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਸਮਾਜਿਕ ਸਮਾਨਤਾ ਦੇ ਸੰਦੇਸ਼ ਨਾਲ ਜਾਣੂੰ ਕਰਵਾਉਣ ਲਈ ਸਕੂਲਾਂ ਵਿੱਚ ਵੱਖ-ਵੱਖ ਗਤੀਵਿਧੀਆਂ ਅਤੇ ਮੁਕਾਬਲੇ ਕਰਵਾਏ ਜਾਣੇ ਹਨ।

3.0 ਉਕਤ ਸੰਬੰਧੀ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਅਪ੍ਰੈਲ ਤੋਂ ਅਕਤੂਬਰ ਦੌਰਾਨ ਵਿਦਿਆਰਥੀਆਂ ਲਈ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦੇ ਆਧਾਰ ਤੇ ਵੱਖ-ਵੱਖ ਮੁਕਾਬਲੇ ਕਰਵਾਏ ਜਾਣ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਨ੍ਹਾਂ ਗਤੀਵਿਧੀਆਂ ਵਿੱਚ ਭਾਗ ਲੈ ਸਕਣ। ਸ੍ਰੇਸ਼ਠ ਵਿਦਿਆਰਥੀਆਂ ਨੂੰ ਸਕੂਲ ਆਪਣੇ ਪੱਧਰ ਤੇ ਇਨਾਮ ਦਿੱਤੇ ਜਾਣ।

**ਸਕੂਲ ਪੱਧਰ ਤੇ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ:**

1) **ਮਾਰਚ 2026 :** ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਸੰਵਿਧਾਨਕ ਅਤੇ ਸਮਾਨਤਾਵਾਦੀ ਕਦਰਾਂ-ਕੀਮਤਾਂ ਕਾਇਮ ਰੱਖਣ ਸਬੰਧੀ ਨਾਲ ਨੱਥੀ ਸਹੁੰ (Pledge) ਚੁੱਕਾਈ ਜਾਵੇ।

2) **ਅਪ੍ਰੈਲ 2026:** ਗੁਰੂ ਰਵਿਦਾਸ ਜੀ ਦੀ ਜੀਵਨੀ ਅਤੇ ਉਪਦੇਸ਼ ਸੰਬੰਧੀ ਆਨਲਾਈਨ / ਆਫਲਾਈਨ ਕੁਇਜ਼ ਮੁਕਾਬਲੇ ਕਰਵਾਏ ਜਾਣ।

- ਸਕੂਲ ਆਪਣੇ ਪੱਧਰ 'ਤੇ MCQ ਆਧਾਰਿਤ ਕੁਇਜ ਤਿਆਰ ਕਰਨ।
- ਆਨਲਾਈਨ ਕੁਇਜ਼ ਲਈ Google Form ਜਾਂ ਹੋਰ ਪਲੇਟਫਾਰਮ ਵਰਤ ਸਕਦੇ ਹਨ।
- ਆਫਲਾਈਨ ਕੁਇਜ਼ ਲਈ ਕਲਾਸ ਰੂਮ ਵਿੱਚ ਪ੍ਰਸ਼ਨ ਪੱਤਰ ਦੇ ਕੇ ਕਰਵਾਇਆ ਜਾਵੇ।

3) **ਮਈ 2026 :** ਸਮਾਨਤਾ ਅਤੇ ਭਾਈਚਾਰੇ ਸੰਬੰਧੀ ਪੇਂਟਿੰਗ /ਡਰਾਇੰਗ ਮੁਕਾਬਲੇ ਕਰਵਾਏ ਜਾਣ।

- ਵਿਦਿਆਰਥੀਆਂ ਨੂੰ ਚਾਰਟ ਪੇਪਰ 'ਤੇ ਪੇਂਟਿੰਗ ਬਣਾਉਣ ਲਈ ਪ੍ਰੇਰਿਤ ਕੀਤਾ ਜਾਵੇ।
- ਸਕੂਲ ਵੱਲੋਂ ਜੱਜਮੈਂਟ ਲਈ ਕਮੇਟੀ ਬਣਾਈ ਜਾਵੇ।

4) **ਜੁਲਾਈ 2026** – ਗੁਰੂ ਰਵਿਦਾਸ ਜੀ ਦੇ ਉਪਦੇਸ਼ਾਂ ਦੀ ਆਧੁਨਿਕ ਸਮਾਜ ਵਿੱਚ ਮਹੱਤਤਾ ਸੰਬੰਧੀ ਲੇਖ ਮੁਕਾਬਲੇ (Essay Writing) ਕਰਵਾਏ ਜਾਣ।

- ਵਿਦਿਆਰਥੀਆਂ ਨੂੰ 300-500 ਸ਼ਬਦਾਂ ਵਿੱਚ ਲੇਖ ਲਿਖਣ ਲਈ ਕਿਹਾ ਜਾਵੇ।
- ਭਾਸ਼ਾ ਪੰਜਾਬੀ/ਅੰਗਰੇਜ਼ੀ ਹੋ ਸਕਦੀ ਹੈ।

5) **ਅਗਸਤ 2026** – ਸਮਾਜਿਕ ਸਮਾਨਤਾ ਸੰਬੰਧੀ ਭਾਸ਼ਣ ਮੁਕਾਬਲੇ (Speech Competition) ਕਰਵਾਏ ਜਾਣ।

- ਹਰ ਵਿਦਿਆਰਥੀ ਨੂੰ 3-5 ਮਿੰਟ ਦਾ ਸਮਾਂ ਦਿੱਤਾ ਜਾਵੇ।
- ਅਧਿਆਪਕ ਵੱਲੋਂ ਸਮੱਗਰੀ, ਆਤਮਵਿਸ਼ਵਾਸ ਅਤੇ ਪ੍ਰਸਤੁਤੀ ਅਧਾਰ 'ਤੇ ਅੰਕ ਦਿੱਤੇ ਜਾਣ।

6) **ਸਤੰਬਰ 2026** – ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚੋਂ ਸ਼ਬਦ ਗਾਇਨ ਮੁਕਾਬਲੇ ਕਰਵਾਏ ਜਾਣ।

7) **ਅਕਤੂਬਰ 2026** – ਸਵੇਰ ਦੀ ਸਭਾ ਦੌਰਾਨ ਗੁਰੂ ਰਵਿਦਾਸ ਜੀ ਦੀ ਸਿੱਖਿਆਵਾਂ ਸੰਬੰਧੀ ਵਿਦਿਆਰਥੀਆਂ ਵੱਲੋਂ Thought of The Day ਪੜ੍ਹਿਆ ਜਾਵੇ।

4.0 ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਸਾਰੇ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਪਰੋਕਤ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਈ ਜਾਵੇ ਅਤੇ ਆਪਣੇ ਜ਼ਿਲੇ ਦੀ ਰਿਪੋਰਟ ਕੰਪਾਈਲ ਕਰਕੇ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ Excel Sheet ਵਿੱਚ ਭਰ ਕੇ ਅਤੇ ਓਕਤ ਗਤੀਵਿਧੀਆਂ ਦੀ ਫੋਟੋਆਂ google drive link ਰਾਹੀਂ scertguidancecounselling@gmail.comਤੇ ਮਿਤੀ 31 ਅਕਤੂਬਰ 2026 ਤੱਕ ਭੇਜਣੀ ਯਕੀਨੀ ਬਣਾਈ ਜਾਵੇ।

5.0 ਇਸਨੂੰ ਪਰਮ ਅਗੇਤ ਦਿੱਤੀ ਜਾਵੇ।

ਕਿਰਨ ਸ਼ਰਮਾ, ਪੀ.ਸੀ.ਐਸ.
ਡਾਇਰੈਕਟਰ,ਐਸ.ਸੀ.ਈ.ਆਰ.ਟੀ.
ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ) ਬਠਿੰਡਾ

ਪਿੱਠ ਅੰਕਣ ਨੰ ਭ-1/2026/6066 ਮਿਤੀ 20/03/26

ਉਪਰੋਕਤ ਅਰਕ ਦਿੱਸ਼ ਦੇ ਸਬੰਧ ਵਿੱਚ ਸਮੂਹ ਸਕੂਲ ਮੁੱਖੀਆ ਨੂੰ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

20/03/26

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ)
ਬਠਿੰਡਾ

P/A
20/03/26

ਉਪਰੋਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਸਕੂਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ
ਇਸ ਗਤੀਵਿਧੀ ਦੇ ਸੰਬੰਧ ਸਮਗਰੀ ਤੇ ਵੱਲੋਂ ਜਿਸਦੇ ਅਨੁਸਾਰ ਕਰਵਾਇਆ,
ਜਾਵੇ ਤੇ ਕਿ ਇਸ ਗਤੀਵਿਧੀਆਂ ਦੀ ਰਿਪੋਰਟ ਵੈਬਲਿੰਕ ਰਾਹੀਂ ਵਿਚ
ਗੂਗਲ ਸ਼ੀਟ ਵਿੱਚ ਸਮੇਂ ਉਪਰੰਤ ਮਿਤੀ 25-10-2026
ਤੱਕ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

[signature] 20/03/26

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)

[signature]

PK
[illegible] 20/03/26